## ਪਾਠ 6
## ਮਾਈਕਰੋਸਾਫਟ ਪਾਵਰਪੁਆਇੰਟ ਭਾਗ-3

**ਪ੍ਰਸ਼ਨ:1 ਖਾਲੀ ਥਾਵਾਂ ਭਰੋ:**

1. ________________ ਇੱਕ ਵਿਜ਼ੂਅਲ ਅਤੇ ਮੋਸ਼ਨ (ਗਤੀ) ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ।

ੳ) ਸਲਾਇਡ ਟ੍ਰਾਂਜ਼ੀਸ਼ਨ (Slide transition) ਅ) ਐਨੀਮੇਸ਼ਨ (Animation)
ੲ) ਐਨੀਮੇਸ਼ਨ ਸਕੀਮ (Animation Scheme) ਸ) ਸਲਾਇਡ ਸ਼ੋਅ (Slide Show)

2. ਪਾਵਰਪੁਆਇੰਟ ________________ ਕਿਸਮਾਂ ਦੀ ਐਨੀਮੇਸ਼ਨ ਪ੍ਰਦਾਨ ਕਰਦਾ ਹੈ।

ੳ) ਦੋ (Two) ਅ) ਤਿੰਨ (Three) ੲ) ਚਾਰ (Four) ਸ) ਪੰਜ (Five)

3. ਪਵਾਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ______________ ਕਿਹਾ ਜਾਂਦਾ ਹੈ।

ੳ) ਸਲਾਇਡ ਟ੍ਰਾਂਜ਼ੀਸ਼ਨ (Slide transition) ਅ) ਐਨੀਮੇਸ਼ਨ (Animation)
ੲ) ਐਨੀਮੇਸ਼ਨ ਸਕੀਮ (Animation Scheme) ਸ) ਸਲਾਇਡ ਸ਼ੋਅ (Slide Show)

4. PDF ਦਾ ਪੂਰਾ ਨਾਂ ________________ ਹੈ।

ੳ) ਪੋਰਟੇਬਲ ਡਾਟਾ ਫਾਰਮੇਟ (Portable Data Format) ਅ) ਪੋਰਟੇਬਲ ਡਾਕੂਮੈਂਟ ਫਾਰਮ (Portable Document Form)
ੲ) ਪੋਰਟੇਬਲ ਡਾਟਾ ਫਾਰਮ (Portable Data Form) ਸ) ਪੋਰਟੇਬਲ ਡਾਕੂਮੈਂਟ ਫਾਰਮੇਟ (Portable Document Format)

5. ਅਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ ਪਾਵਰਪੁਆਇੰਟ ਸ਼ੋਅ (PowerPoint Show) ਵੱਜੋਂ ______ ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।

ੳ) .ppsx ਅ) .ppt ੲ) .pptx ਸ) .pdf


**ਪ੍ਰਸ਼ਨ:2 ਪੂਰੇ ਰੂਪ ਲਿਖੋ।**

i. JPEG : Joint Photographic Experts Group
ii. GIF : Graphics Interchange Format
iii. BMP : Bitmap Picture
iv. WMV : Windows Media Video
v. PNG : Portable Network Graphics

**ਪ੍ਰਸ਼ਨ:2 ਛੋਟੇ ਉੱਤਰਾਂ ਵਾਲੇ ਪ੍ਰਸ਼ਨ**


**ਪ੍ਰ:1 ਸਲਾਇਡ ਟ੍ਰਾਂਜ਼ੀਸ਼ਨ (Slide Transition) ਕੀ ਹੈ?**

ਉ: ਸਲਾਇਡ ਟ੍ਰਾਂਜ਼ੀਸ਼ਨ ਵਿਜ਼ੂਅਲ ਅਤੇ ਮੋਸ਼ਨ (ਗਤੀ) ਇਫੈਕਟਸ ਹੁੰਦੇ ਹਨ। ਇਹ ਇਫੈਕਟਸ ਸਾਨੂੰ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ। ਪ੍ਰੈਜ਼ਨਟੇਸ਼ਨ ਵਿੱਚ ਟ੍ਰਾਂਜ਼ੀਸ਼ਨ ਇਫੈਕਟਸ ਲਾਗੂ ਕਰਨ ਲਈ Transitions ਟੈਬ ਦੀ ਵਰਤੋਂ ਕਰਦੇ ਹਾਂ।




**ਪ੍ਰ:2 ਐਨੀਮੇਸ਼ਨ (Animation) ਕੀ ਹੁੰਦੀ ਹੈ?**

ਉ: ਐਨੀਮੇਸ਼ਨ ਵਿਜ਼ੂਅਲ ਇਫੈਕਟਸ (visual effects) ਹੁੰਦੇ ਹਨ। ਇਹ ਇਫੈਕਟਸ ਪ੍ਰੈਜ਼ਨਟੇਸ਼ਨ ਵਿੱਚਲੇ ਆਬਜੈਕਟਸ ਉੱਪਰ ਮੂਵਮੈਂਟ (ਗਤੀ) ਨੂੰ ਦਰਸ਼ਾਉਂਦੇ ਹਨ। ਇਹ ਸਲਾਇਡ ਆਬਜੈਕਟ ਕੁਝ ਵੀ ਹੋ ਸਕਦੇ ਹਨ, ਜਿਵੇਂ ਕਿ: ਟੈਕਸਟ, ਤਸਵੀਰਾਂ, ਚਾਰਟਸ, ਸ਼ੇਪਸ ਆਦਿ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਇਫੈਕਟਸ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ।





**ਪ੍ਰ:3 ਪਾਵਰਪੁਆਇੰਟ ਵਿੱਚ ਐਨੀਮੇਸ਼ਨ ਸਕੀਮਜ਼ (Animation Schemes) ਕੀ ਹੁੰਦੀਆਂ ਹਨ?**

ਉ: ਪਾਵਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਇੱਕ ਸੰਗ੍ਰਹਿ ਪ੍ਰਦਾਨ ਕਰਦਾ ਹੈ। ਐਨੀਮੇਸ਼ਨ ਇਫੈਕਟਸ ਦੇ ਇਸ ਸੰਗ੍ਰਹਿ ਨੂੰ ਐਨੀਮੇਸ਼ਨ ਸਕੀਮਜ਼ (Animation Schemes) ਕਿਹਾ ਜਾਂਦਾ ਹੈ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਸਕੀਮਜ਼ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ।

**ਪ੍ਰ:4 ਤੁਸੀਂ ਪਾਵਰਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ (Preview) ਕਿਵੇਂ ਦੇਖੋਗੇ?**

ਉ: ਐਨੀਮੇਸ਼ਨ ਇਫੈਕਟਸ ਦਾ ਪ੍ਰੀਵਿਊ (preview) ਦੇਖਣ ਦੇ ਸਟੈਪ ਇਸ ਪ੍ਰਕਾਰ ਹਨ:

- Animation ਟੈਬ ਦੇ ਖੱਬੇ ਪਾਸੇ Preview ਬਟਨ ਉਪਰ ਕਲਿੱਕ ਕਰੋ।
- ਮੌਜੂਦਾ ਸਲਾਇਡ ਲਈ ਐਨੀਮੇਸ਼ਨ ਇਫੈਕਟਸ Play ਹੋਣੇ ਸ਼ੁਰੂ ਹੋ ਜਾਣਗੇ।







(Please Visit http://cspunjab.nirmancampus.co.in for more computer science contents)

**ਪ੍ਰ:5 ਪਾਵਰਪੁਆਇੰਟ ਵਿੱਚ ਮੋਜੂਦ 4 ਕਿਸਮਾਂ ਦੀਆਂ ਐਨੀਮੇਸ਼ਨਜ਼ ਦੇ ਨਾਂ ਲਿਖੋ।**

ਉ: ਪਾਵਰਪੁਆਇੰਟ ਚਾਰ ਕਿਸਮਾਂ ਦੇ ਐਨੀਮੇਸ਼ਨ ਪ੍ਰਦਾਨ ਕਰਦਾ ਹੈ ਜੋ ਕਿ ਹੇਠ ਲਿਖੇ ਹਨ:

- ਐਂਟਰੈਂਸ (Entrance)
- ਐਮਫੇਸਿਸ (Emphasis)
- ਐਗਜ਼ਿਟ (Exit)
- ਮੋਸ਼ਨ ਪਾਥਸ (Motion Paths)





## ਪ੍ਰਸ਼ਨ: 3 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਐਨੀਮੇਸ਼ਨ (Animation) ਕੀ ਹੈ? ਪਾਵਰਪੁਆਇੰਟ ਵਿੱਚ ਇਹ ਕਿੰਨ੍ਹੀ ਕਿਸਮ ਦੀ ਹੁੰਦੀ ਹੈ?**

ਉ: ਐਨੀਮੇਸ਼ਨ ਵਿਜ਼ੂਅਲ ਇਫੈਕਟਸ (visual effects) ਹੁੰਦੇ ਹਨ ਜੋ ਪ੍ਰੈਜ਼ਨਟੇਸ਼ਨ ਵਿੱਚਲੀਆਂ ਚੀਜ਼ਾਂ (ਪ੍ਰੈਜ਼ਨਟੇਸ਼ਨ ਉੱਪਰ) ਉੱਤੇ ਮੂਵਮੈਂਟ (ਗਤੀ) ਨੂੰ ਦਰਸ਼ਾਉਂਦੇ ਹਨ। ਇਹ ਸਲਾਇਡ ਆਬਜੈਕਟ ਕੁਝ ਵੀ ਹੋ ਸਕਦੇ ਹਨ ਜਿਵੇਂ ਕਿ: ਟੈਕਸਟ, ਤਸਵੀਰਾਂ, ਚਾਰਟਸ, ਸਮਾਰਟ ਆਰਟ ਗ੍ਰਾਫਿਕਸ, ਸ਼ੇਪਸ, ਵੀਡੀਓ ਕਲਿੱਪਸ ਆਦਿ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਇਫੈਕਟਸ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ। ਪਾਵਰਪੁਆਇੰਟ ਚਾਰ ਕਿਸਮਾਂ ਦੇ ਐਨੀਮੇਸ਼ਨ ਪ੍ਰਦਾਨ ਕਰਦਾ ਹੈ ਜੋ ਕਿ ਹੇਠ ਲਿਖੇ ਹਨ:

- ਐਂਟਰੈਂਸ (Entrance)
- ਐਮਫੇਸਿਸ (Emphasis)
- ਐਗਜ਼ਿਟ (Exit)
- ਮੋਸ਼ਨ ਪਾਥਸ (Motion Paths)




**ਪ੍ਰ:2 ਤੁਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ PDF ਫਾਰਮੇਟ ਵਿੱਚ ਕਿਵੇਂ ਸੇਵ ਕਰੋਗੇ?**

ਉ: PDF ਫਾਰਮੇਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ ਕਰਨ ਦੇ ਸਟੈਪਸ ਹੇਠਾਂ ਦਿੱਤੇ ਗਏ ਹਨ:

1. File ਟੈਬ ਉੱਪਰ ਕਲਿੱਕ ਕਰੋ।
2. Save As ਆਪਸ਼ਨ ਉੱਪਰ ਕਲਿੱਕ ਕਰੋ।
3. ਫਾਈਲ ਦਾ ਨਾਮ ਅਤੇ ਉਸਨੂੰ ਸੇਵ ਕਰਨ ਦੀ ਲੋਕੇਸ਼ਨ (location) ਸੈਟ ਕਰੋ।
4. Save as type ਡਰਾਪ-ਡਾਊਨ ਲਿਸਟ ਵਿਚੋਂ PDF (*pdf) ਫਾਰਮੇਟ ਦੀ ਚੋਣ ਕਰੋ।
5. Save ਬਟਨ ਉੱਪਰ ਕਲਿੱਕ ਕਰਕੇ PDF ਫਾਈਲ ਤਿਆਰ ਕਰੋ।

**ਪ੍ਰ:3 ਪਾਵਰਪੁਆਇੰਟ ਵਿੱਚ Slide Transition ਕਿਵੇਂ ਲਾਗੂ ਕੀਤਾ ਜਾਂਦਾ ਹੈ?**

ਉ: ਸਲਾਇਡ ਟ੍ਰਾਂਜ਼ੀਸ਼ਨ ਵਿਜ਼ੂਅਲ ਅਤੇ ਮੋਸ਼ਨ (ਗਤੀ) ਇਫੈਕਟਸ ਹੁੰਦੇ ਹਨ। ਇਹ ਇਫੈਕਟਸ ਸਾਨੂੰ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ। ਪ੍ਰੈਜ਼ਨਟੇਸ਼ਨ ਵਿੱਚ ਟ੍ਰਾਂਜ਼ੀਸ਼ਨ ਇਫੈਕਟਸ ਲਾਗੂ ਕਰਨ ਲਈ ਹੇਠ ਦਿੱਤੇ ਸਟੈਪਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ:

1. Transitions ਟੈਬ ਉੱਪਰ ਕਲਿੱਕ ਕਰੋ।
2. "Transition to This Slide" ਗਰੁੱਪ ਵਿਚੋਂ ਇੱਛਾ ਅਨੁਸਾਰ ਟ੍ਰਾਜ਼ੀਸ਼ਨ ਇਫੈਕਟ ਦੀ ਚੋਣ ਕਰੋ।
3. ਜਰੂਰਤ ਅਨੁਸਾਰ ਹੋਰ ਆਪਸ਼ਨਾਂ, ਜਿਵੇਂ ਕਿ: Sound, Duration ਆਦਿ ਸੈਟ ਕਰੋ।
4. ਸਾਰੀਆਂ ਸਲਾਇਡਜ਼ ਉੱਪਰ ਇਕੋ ਜਿਹੀ ਟ੍ਰਾਂਜ਼ੀਸਨ ਲਾਗੂ ਕਰਨ ਲਈ "Apply To All" ਆਪਸ਼ਨ ਤੇ ਕਲਿੱਕ ਕਰੋ।

